# ਗੈਰ-ਮਾਸਪੇਸ਼ੀ-ਧਾਵਕ (ਬਾਹਰੀ) ਬਲੈਡਰ ਕੈਂਸਰ (NMIBC) ਨੂੰ ਸਮਝਣਾ

## ਤੁਹਾਡੀ ਤਸ਼ਖੀਸ

ਤੁਹਾਨੂੰ ਗੈਰ-ਮਾਸਪੇਸ਼ੀ-ਧਾਵਕ ਬਲੈਡਰ ਕੈਂਸਰ ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਡੀਆਂ ਰਸੌਲੀਆਂ ਨੇ ਬਲੈਡਰ ਦੀ ਮਾਸਪੇਸ਼ੀ 'ਤੇ ਧਾਵਾ ਨਹੀਂ ਬੋਲਿਆ ਹੈ।

## ਆਰਡਰ ਕੀਤੇ ਟੈਸਟ

**(ਹੋ ਸਕਦਾ ਹੈ ਸਾਰੇ ਲਾਗੂ ਨਾ ਹੁੰਦੇ ਹੋਣ)**

- ☐ ਪਿਸ਼ਾਬ ਕੋਸ਼ਿਕਾ-ਵਿਗਿਆਨ (Urine cytology)
- ☐ ਸਿਸਟੋਸਕੋਪੀ
- ☐ TURBT (ਟ੍ਰਾਂਸਯੂਰੇਥਰਾਲ ਰੀਸੈਕਸ਼ਨ ਆਫ ਦਾ ਬਲੈਡਰ ਟਿਊਮਰ)
- ☐ CT ਜਾਂ MRI ਸਕੈਨ
- ☐ ਅਲਟ੍ਰਾਸਾਊਂਡ
- ☐ ਹੋਰ: ____________________

## ਪਿਸ਼ਾਬ ਮਾਰਗ ਦੀ ਰਚਨਾ




## ਬਲੈਡਰ ਕੈਂਸਰ ਦੇ ਪੜਾਅ




Tis – ਕਾਰਸੀਨੋਮਾ ਇਨ ਸੀਟੂ

## ਰਸੌਲੀ ਦੇ ਪੜਾਅ

ਪੜਾਅ (staging) ਕੈਂਸਰ ਦੇ ਵਿਸਤਾਰ ਦਾ ਵਰਣਨ ਕਰਦਾ ਹੈ। ਤੁਹਾਡੀ ਦੇਖਭਾਲ ਅਤੇ ਬਿਮਾਰੀ ਦਾ ਭਵਿੱਖ (prognosis), ਬਹੁਤ ਵੱਡੀ ਹੱਦ ਤੱਕ, ਕੈਂਸਰ ਦੇ ਪੜਾਅ 'ਤੇ ਨਿਰਭਰ ਕਰਦਾ ਹੈ। TMN ਪ੍ਰਣਾਲੀ ਤਿੰਨ ਮੁੱਖ ਜਾਣਕਾਰੀਆਂ ਦਾ ਵਰਣਨ ਕਰਦੀ ਹੈ:

**T** ਬਲੈਡਰ ਵਿੱਚ, ਬਲੈਡਰ ਦੀ ਦੀਵਾਰ ਦੇ ਅੰਦਰ ਰਸੌਲੀ ਦੇ ਧਾਵੇ ਦੀ ਗਹਿਰਾਈ।

**N** ਨੇੜਲੀਆਂ ਲਸਿਕਾ ਗ੍ਰੰਥੀਆਂ ਤੱਕ ਫੈਲਾਓ ਦਾ ਵਿਸਤਾਰ (ਪ੍ਰਤੀਰੋਧਤਾ ਪ੍ਰਣਾਲੀ ਦੇ ਸੈੱਲਾਂ ਦੇ ਇਕੱਤਰੀਕਰਨ)। ਲਸਿਕਾ ਗ੍ਰੰਥੀਆਂ ਤੱਕ ਫੈਲਾਅ ਦਾ ਪਤਾ ਕਈ ਵਾਰ ਸਕੈਨਾਂ ਉੱਤੇ ਲਸਿਕਾ ਗ੍ਰੰਥੀਆਂ ਦੇ ਵੱਡੇ ਹੋਣ ਵਜੋਂ ਲਾਇਆ ਜਾਂਦਾ ਹੈ।

**M** ਬਲੈਡਰ ਕੈਂਸਰ ਦਾ ਨੇੜਲੀਆਂ ਲਸਿਕਾ ਗ੍ਰੰਥੀਆਂ ਤੋਂ ਅੱਗੇ ਵੀ ਸਰੀਰ ਦੇ ਹੋਰ ਭਾਗਾਂ ਤੱਕ ਫੈਲ ਜਾਣਾ।

T, N ਅਤੇ M ਤੋਂ ਬਾਅਦ ਨਜ਼ਰ ਆਉਣ ਵਾਲੇ ਨੰਬਰ ਜਾਂ ਅੱਖਰ ਇਹਨਾਂ ਵਿੱਚੋਂ ਹਰੇਕ ਕਾਰਕ ਬਾਰੇ ਹੋਰ ਵੇਰਵੇ ਪ੍ਰਦਾਨ ਕਰਦੇ ਹਨ। 0 ਤੋਂ ਲੈਕੇ 4 ਤੱਕ ਦੇ ਨੰਬਰ ਵਧ ਰਹੀ ਤੀਬਰਤਾ ਵੱਲ ਸੰਕੇਤ ਕਰਦੇ ਹਨ। ਅੱਖਰ X ਦਾ ਮਤਲਬ ਹੈ "ਮੁਲਾਂਕਣ ਨਹੀ ਕੀਤਾ ਜਾ ਸਕਦਾ"।

ਇੱਕ ਵਾਰ ਜਦ TNM ਸ੍ਰੇਣੀਆਂ ਦਾ ਪਤਾ ਲਾ ਲਿਆ ਜਾਂਦਾ ਹੈ, ਤਾਂ ਸਮੁੱਚੇ ਪੜਾਅ ਨੂੰ ਤੈਅ ਕਰਨ ਲਈ ਇਸ ਜਾਣਕਾਰੀ ਨੂੰ ਜੋੜਿਆ ਜਾਂਦਾ ਹੈ।

## ਗੈਰ-ਮਾਸਪੇਸ਼ੀ-ਧਾਵਕ ਇਲਾਜ ਦੇ ਵਿਕਲਪ

☐ **ਫਾਲੋ ਅਪ ਸਿਸਟੋਸਕੋਪੀ**

☐ **ਇੰਟਰਾਵੈਸੀਕਲ BCG ਇਲਾਜ:** BCG ਇੱਕ ਕਮਜ਼ੋਰ ਕੀਤਾ ਬੈਕਟੀਰੀਆ ਹੈ ਜੋ ਬਲੈਡਰ ਕੈਂਸਰ ਦੇ ਸੈੱਲਾਂ ਦੇ ਖਿਲਾਫ ਪ੍ਰਤੀਰੋਧਤਾ ਪ੍ਰਤੀਕਿਰਿਆ ਨੂੰ ਉਤੇਜਿਤ ਕਰਦਾ ਹੈ। ਇਸ ਨੂੰ ਰਵਾਇਤੀ ਤੌਰ 'ਤੇ 1 ਤੋਂ 3 ਸਾਲਾਂ ਦੌਰਾਨ ਦਿੱਤਾ ਜਾਂਦਾ ਹੈ।

☐ **ਇੰਟਰਾਵੈਸੀਕਲ ਕੀਮੋਥੈਰੇਪੀ ਇਲਾਜ:** ਜੈਮਸੀਟਾਬੀਨ (gemcitabine), ਜੋ ਤੁਸੀ TURBT ਦੇ ਵਕਤ ਇੱਕ ਇਕਹਰੀ ਖ਼ੁਰਾਕ ਵਜੋਂ ਪ੍ਰਾਪਤ ਕੀਤੀ ਹੋ ਸਕਦੀ ਹੈ, ਇੱਕ ਸਾਲ ਤੱਕ ਜਾਰੀ ਰੱਖੀ ਜਾਵੇਗੀ। ਇਹੋ ਜਿਹੀ ਦਵਾਈਆਂ ਨਾਲ ਇਲਾਜਾਂ ਵਿੱਚ ਐਪੀਰੂਬੀਸੀਨ (epirubicin) ਅਤੇ ਮੀਟੋਮਾਈਸੀਨ ਸੀ. (Mitomycin C.) ਸ਼ਾਮਲ ਹਨ।

☐ **ਵਾਧੂ TURBT ਪ੍ਰਕਰਿਆਿਵਾਂ:** T1 ਰਸੌਲੀਆਂ ਵਾਸਤੇ ਅਤੇ ਕੁਝ ਹੋਰ ਗੈਰ-ਮਾਸਪੇਸ਼ੀ-ਧਾਵਕ ਰਸੌਲੀਆਂ ਵਾਸਤੇ ਆਮ ਤੌਰ 'ਤੇ ਇੱਕ ਦੁਹਰਾਊ TURBT ਨੂੰ ਕੀਤਾ ਜਾਂਦਾ ਹੈ। ਫਾਲੋ-ਅੱਪ ਸਿਸਟੋਸਕੋਪੀ ਬਲੈਡਰ ਵਿੱਚ ਵਧ ਰਹੀਆਂ ਨਵੀਆਂ ਰਸੌਲੀਆਂ ਦਾ ਵੀ ਪਤਾ ਲਾ ਸਕਦੀ ਹੈ, ਜਿਸ ਦਾ ਸਿੱਟਾ ਵਾਧੂ TURBT ਅਤੇ ਬਲੈਡਰ ਵਿੱਚ ਦਵਾਈਆਂ ਦੇ ਸੰਚਾਰਨਾਂ ਦੇ ਰੂਪ ਵਿੱਚ ਨਿਕਲ ਸਕਦਾ ਹੈ।

☐ **ਕਲੀਨਿਕੀ ਪਰਖਾਂ:** ਕਲੀਨਿਕੀ ਅਧਿਐਨ ਜਿਨ੍ਹਾਂ ਵਿੱਚ ਇਹ ਟੈਸਟ ਕੀਤਾ ਜਾਂਦਾ ਹੈ ਕਿ ਇੱਕ ਨਵੀਆਂ ਡਾਕਟਰੀ ਪਹੁੰਚਾਂ ਕਿਨ੍ਹੀ ਕੁ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ। ਇਹਨਾਂ ਵਿਕਲਪਾਂ ਬਾਰੇ ਆਪਣੀ ਡਾਕਟਰੀ ਟੀਮ ਨਾਲ ਵਿਚਾਰ-ਵਟਾਂਦਰਾ ਕਰੋ। ਮਿਆਰੀ ਚਕਿਤਿਸਾਵਾਂ ਤੋਂ ਇਲਾਵਾ, ਪਰਖਾਂ ਤੁਹਾਨੂੰ ਅਕਸਰ ਨਵੇਂ ਆਸ਼ਾਜਨਕ ਇਲਾਜਾਂ ਤੱਕ ਜਲਦੀ ਪਹੁੰਚ ਦਿੰਦੀਆਂ ਹਨ ਜਿਨ੍ਹਾਂ ਤੱਕ ਤੁਸੀ ਵੈਸੇ ਪਹੁੰਚ ਕਰਨ ਦੇ ਯੋਗ ਨਹੀ ਹੋਵੋਗੇ।

☐ **ਹੋਰ ਇਲਾਜ:**

____________________

____________________

____________________

## ਨੋਟ-ਕਥਨ

____________________

____________________

**ਕਿਰਪਾ ਕਰਕੇ ਵਧੇਰੇ ਜਾਣਕਾਰੀ ਵਾਸਤੇ ਬਲੈਡਰ ਕੈਂਸਰ ਕੈਨੇਡਾ ਦੀ "ਗੈਰ-ਮਾਸਪੇਸ਼ੀ-ਧਾਵਕ ਬਲੈਡਰ ਕੈਂਸਰ ਵਾਸਤੇ ਗਾਈਡ-ਪੁਸਤਕਿਾ" ਦੇਖੋ**

BLADDER CANCER CANADA | CANCER DE LA VESSIE CANADA

**ਵਧੇਰੇ ਜਾਣਕਾਰੀ ਲਈ ਅੱਜ ਹੀ ਬਲੈਡਰ ਕੈਂਸਰ ਕੈਨੇਡਾ ਨਾਲ ਸੰਪਰਕ ਕਰੋ**

ਇਸ ਨੰਬਰ 'ਤੇ ਟੋਲ-ਫ੍ਰੀ ਕਾਲ ਕਰੋ: 1-866-674-8889
ਈਮੇਲ info@bladdercancercanada.org
ਦੇਖੋ bladdercancercanada.org

**ਏਥੇ ਸਾਡਾ ਅਨੁਸਰਣ ਕਰੋ:**

f/BladderCancerCanada
X/BladderCancerCA
/BladderCancerCA
/BladderCancerCanada

**ਚਕਿਤਿਸਕ ਸੰਪਰਕ ਜਾਣਕਾਰੀ**

# ਮਾਸਪੇਸ਼ੀ-ਧਾਵਕ ਬਲੈਡਰ ਕੈਂਸਰ (MIBC) ਨੂੰ ਸਮਝਣਾ

## ਤੁਹਾਡੀ ਤਸ਼ਖੀਸ

ਤੁਹਾਨੂੰ ਮਾਸਪੇਸ਼ੀ-ਧਾਵਕ ਬਲੈਡਰ ਕੈਂਸਰ ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਡੀਆਂ ਰਸੌਲੀਆਂ ਵਧਕੇ ਤੁਹਾਡੇ ਬਲੈਡਰ ਦੀ ਮਾਸਪੇਸ਼ੀ ਵਾਲੀ ਪਰਤ ਵਿੱਚ ਚਲੀਆਂ ਗਈਆਂ ਜਾਂ ਪਾਰ ਹੋ ਗਈਆਂ ਹਨ।

## ਆਰਡਰ ਕੀਤੇ ਟੈਸਟ

**(ਹੋ ਸਕਦਾ ਹੈ ਸਾਰੇ ਲਾਗੂ ਨਾ ਹੁੰਦੇ ਹੋਣ)**

- ☐ ਪਸ਼ਿਾਬ ਕੋਸ਼ਕਿਾ-ਵਗਿਆਿਨ (Urine cytology)
- ☐ ਸਸਿਟੋਸਕੋਪੀ
- ☐ TURBT (ਟ੍ਰਾਂਸਯੂਰੇਥਰਾਲ ਰੀਸੈਕਸ਼ਨ ਆਫ ਦਾ ਬਲੈਡਰ ਟਿਊਮਰ)
- ☐ CT ਜਾਂ MRI ਸਕੈਨ
- ☐ ਅਲਟ੍ਰਾਸਾਊਂਡ
- ☐ ਹੋਰ: ______________________

## ਰਸੌਲੀ ਦੇ ਪੜਾਅ

ਪੜਾਅ (staging) ਕੈਂਸਰ ਦੇ ਵਸਿਤਾਰ ਦਾ ਵਰਣਨ ਕਰਦਾ ਹੈ। ਤੁਹਾਡੀ ਦੇਖਭਾਲ ਅਤੇ ਬਮਿਾਰੀ ਦਾ ਭਵਖਿ (prognosis), ਬਹੁਤ ਵੱਡੀ ਹੱਦ ਤੱਕ, ਕੈਂਸਰ ਦੇ ਪੜਾਅ 'ਤੇ ਨਰਿਭਰ ਕਰਦਾ ਹੈ। TMN ਪ੍ਰਣਾਲੀ ਤਿੰਨ ਮੁੱਖ ਜਾਣਕਾਰੀਆਂ ਦਾ ਵਰਣਨ ਕਰਦੀ ਹੈ:

**T** ਬਲੈਡਰ ਵਿੱਚ, ਬਲੈਡਰ ਦੀ ਦੀਵਾਰ ਦੇ ਅੰਦਰ ਰਸੌਲੀ ਦੇ ਧਾਵੇ ਦੀ ਗਹਰਿਾਈ।

**N** ਨੇੜਲੀਆਂ ਲਸਕਿਾ ਗ੍ਰੰਥੀਆਂ ਤੱਕ ਫੈਲਾਓ ਦਾ ਵਸਿਤਾਰ (ਪ੍ਰਤੀਰੋਧਤਾ ਪ੍ਰਣਾਲੀ ਦੇ ਸੈੱਲਾਂ ਦੇ ਇਕੱਤਰੀਕਰਨ)। ਲਸਕਿਾ ਗ੍ਰੰਥੀਆਂ ਤੱਕ ਫੈਲਾਅ ਦਾ ਪਤਾ ਕਈ ਵਾਰ ਸਕੈਨਾਂ ਉੱਤੇ ਲਸਕਿਾ ਗ੍ਰੰਥੀਆਂ ਦੇ ਵੱਡੇ ਹੋਣ ਵਜੋਂ ਲਾਇਆ ਜਾਂਦਾ ਹੈ।

**M** ਬਲੈਡਰ ਕੈਂਸਰ ਦਾ ਨੇੜਲੀਆਂ ਲਸਕਿਾ ਗ੍ਰੰਥੀਆਂ ਤੋਂ ਅੱਗੇ ਵੀ ਸਰੀਰ ਦੇ ਹੋਰ ਭਾਗਾਂ ਤੱਕ ਫੈਲ ਜਾਣਾ।

T, N ਅਤੇ M ਤੋਂ ਬਾਅਦ ਨਜ਼ਰ ਆਉਣ ਵਾਲੇ ਨੰਬਰ ਜਾਂ ਅੱਖਰ ਇਹਨਾਂ ਵਿੱਚੋਂ ਹਰੇਕ ਕਾਰਕ ਬਾਰੇ ਹੋਰ ਵੇਰਵੇ ਪ੍ਰਦਾਨ ਕਰਦੇ ਹਨ। 0 ਤੋਂ ਲੈਕੇ 4 ਤੱਕ ਦੇ ਨੰਬਰ ਵਧ ਰਹੀ ਤੀਬਰਤਾ ਵੱਲ ਸੰਕੇਤ ਕਰਦੇ ਹਨ। ਅੱਖਰ X ਦਾ ਮਤਲਬ ਹੈ "ਮੁਲਾਂਕਣ ਨਹੀਂ ਕੀਤਾ ਜਾ ਸਕਦਾ"।

ਇੱਕ ਵਾਰ ਜਦ TNM ਸ਼੍ਰੇਣੀਆਂ ਦਾ ਪਤਾ ਲਾ ਲਿਆ ਜਾਂਦਾ ਹੈ, ਤਾਂ ਸਮੁੱਚੇ ਪੜਾਅ ਨੂੰ ਤੈਅ ਕਰਨ ਲਈ ਇਸ ਜਾਣਕਾਰੀ ਨੂੰ ਜੋੜਿਆ ਜਾਂਦਾ ਹੈ।

## ਬਲੈਡਰ ਕੈਂਸਰ ਦੇ ਪੜਾਅ




Tis – ਕਾਰਸੀਨੋਮਾ ਇਨ ਸੀਟੂ

## ਮਾਸਪੇਸ਼ੀ-ਧਾਵਕ ਇਲਾਜ ਦੇ ਵਕਿਲਪ

- ☐ ਪੂਰਾ ਬਲੈਡਰ ਕਢਵਾਉਣ ਦੀ ਸਰਜਰੀ: ਖਰਾਬ ਬਲੈਡਰ ਨੂੰ ਬਾਹਰ ਕੱਢਣ ਅਤੇ ਪਸ਼ਿਾਬ ਵਾਸਤੇ ਇੱਕ ਨਵਾਂ ਪਥਅੰਤਰਣ ਬਣਾਉਣ ਲਈ ਮਆਿਰੀ ਇਲਾਜ।
- ☐ ਨੀਓਐਡਜੂਵੈਂਟ ਕੀਮੋਥੈਰੇਪੀ: ਪੂਰਾ ਬਲੈਡਰ ਕਢਵਾਉਣ ਦੀ ਸਰਜਰੀ (ਜਾਂ ਤ੍ਰੈ-ਵਧਿੀ ਚਕਿਤਿਸਾ) ਕਰਵਾਉਣ ਤੋਂ ਪਹਲਿਾਂ ਨਸ ਰਾਹੀਂ ਦਿੱਤੀ ਜਾਂਦੀ ਹੈ।
- ☐ ਐਡਜੂਵੈਂਟ ਕੀਮੋਥੈਰੇਪੀ: ਪੂਰਾ ਬਲੈਡਰ ਕਢਵਾਉਣ ਦੀ ਸਰਜਰੀ ਕਰਵਾਉਣ ਤੋਂ ਬਾਅਦ ਨਸ ਰਾਹੀਂ ਦਿੱਤੀ ਜਾਂਦੀ ਹੈ।
- ☐ ਤ੍ਰੈ-ਵਧਿੀ ਚਕਿਤਿਸਾ: ਚੋਣਵੇਂ ਮਰੀਜ਼ਾਂ ਵਿੱਚ ਬਲੈਡਰ ਦਾ ਸੰਰੱਖਅਿਣ, ਰੇਡੀਏਸ਼ਨ ਚਕਿਤਿਸਾ, ਕੀਮੋਥੈਰੇਪੀ ਅਤੇ ਸੰਪੂਰਨ TURBT ਦਾ ਸੁਮੇਲ ਕਰਨਾ।
- ☐ ਪਹਲਿੀ-ਕਤਾਰ ਦੀ ਕੀਮੋਥੈਰੇਪੀ: ਜੇ ਤੁਹਾਡਾ ਕੈਂਸਰ ਹੋਰ ਖੇਤਰਾਂ ਵਿੱਚ ਫੈਲ ਗਿਆ ਹੈ, ਤਾਂ ਤੁਹਾਨੂੰ ਆਪਣੀ ਬਮਿਾਰੀ ਨਾਲ ਸਭ ਤੋਂ ਵਧੀਆ ਤਰੀਕੇ ਨਾਲ ਸਝਿਣ ਲਈ ਨਸ ਰਾਹੀਂ ਦਿੱਤੇ ਜਾਂਦੇ ਹੋਰ ਇਲਾਜ ਦੀ ਲੋੜ ਪਵੇਗੀ। ਇੱਕ ਤੋਂ ਵਧੇਰੇ ਵੱਖ-ਵੱਖ ਦਵਾਈਆਂ ਉਪਲਬਧ ਹਨ।
- ☐ ਕਲੀਨਕਿੀ ਪਰਖਾਂ: ਕਲੀਨਕਿੀ ਅਧਐਿਨ ਜਨ੍ਹਿਾਂ ਵਿੱਚ ਇਹ ਟੈਸਟ ਕੀਤਾ ਜਾਂਦਾ ਹੈ ਕਿ ਇੱਕ ਨਵੀਆਂ ਡਾਕਟਰੀ ਪਹੁੰਚਾਂ ਕਨ੍ਹਿੀ ਕੁ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ।ਇਹਨਾਂ ਵਕਿਲਪਾਂ ਬਾਰੇ ਆਪਣੀ ਡਾਕਟਰੀ ਟੀਮ ਨਾਲ ਵਚਿਾਰ-ਵਟਾਂਦਰਾ ਕਰੋ।
- ☐ ਹੋਰ ਇਲਾਜ:

______________________

______________________

______________________

## ਪਥਅੰਤਰਣ (Diversion) ਦੀਆਂ ਕਸਿਮਾਂ

ਇੱਕ ਵਾਰ ਜਦ ਬਲੈਡਰ ਨੂੰ ਪੂਰਾ ਬਲੈਡਰ ਕਢਵਾਉਣ ਦੀ ਸਰਜਰੀ (radical cystectomy) ਰਾਹੀਂ ਕੱਢ ਦਿੱਤਾ ਜਾਂਦਾ ਹੈ, ਤਾਂ ਪਸ਼ਿਾਬ ਵਾਸਤੇ ਗੁਰਦਆਿਂ ਤੋਂ ਲੈਕੇ ਸਰੀਰ ਵਿੱਚੋਂ ਬਾਹਰ ਨਕਿਲਣ ਲਈ ਇੱਕ ਨਵਾਂ ਰਸਤਾ ਬਣਾਉਣਾ ਜ਼ਰੂਰੀ ਹੁੰਦਾ ਹੈ।

- ☐ ਆਈਲੀਅਲ ਕੰਡਉਿਇਟ (ਯੂਰੋਸਟੋਮੀ) – ਆਈਲੀਅਮ (ਛੋਟੀ ਆਂਤੜੀ) ਦਾ ਇੱਕ ਛੋਟਾ ਭਾਗ ਪਸ਼ਿਾਬ ਦੇ ਨਕਿਲਣ ਲਈ ਰਸਤਾ ਬਣਾਉਂਦਾ ਹੈ। ਇੱਕ ਬਾਹਰੀ ਬੈਗ ਪਸ਼ਿਾਬ ਨੂੰ ਇਕੱਤਰ ਕਰਦਾ ਹੈ।
- ☐ ਔਰਥੋਟੋਪਕਿ ਨਵਾਂ ਬਲੈਡਰ – ਉਸੇ ਥਾਂ 'ਤੇ ਇੱਕ "ਨਵਾਂ" ਬਲੈਡਰ ਜਥਿੇ ਬਾਹਰ ਕੱਢਿਆ ਬਲੈਡਰ ਹੁੰਦਾ ਸੀ, ਜੋ ਛੋਟੀ ਆਂਤੜੀ ਦੇ ਇੱਕ ਮੁਕਾਬਲਤਨ ਵੱਡੇ ਭਾਗ ਤੋਂ ਬਣਾਇਆ ਜਾਂਦਾ ਹੈ। ਨਵੇਂ ਬਲੈਡਰ ਵਾਲਾ ਵਅਿਕਤੀ ਪਸ਼ਿਾਬ-ਮਾਰਗ ਰਾਹੀਂ ਹੀ ਪਸ਼ਿਾਬ ਕਰਦਾ ਹੈ।
- ☐ ਇੰਡੀਆਨਾ ਪਾਊਚ – ਪਸ਼ਿਾਬ ਵਾਸਤੇ ਅੰਦਰੂਨੀ ਪਾਊਚ ਦਾ ਨਰਿਮਾਣ ਕਰਨ ਲਈ ਵੱਡੀ ਆਂਤੜੀ ਅਤੇ ਆਈਲੀਅਮ ਦਾ ਇੱਕ ਭਾਗ। ਪਾਊਚ ਖਾਲੀ ਕਰਨ ਵਾਸਤੇ ਹਰ 4-6 ਘੰਟੇ ਬਾਅਦ ਇੱਕ ਚੈਨਲ ਰਾਹੀਂ ਇੱਕ ਕੈਥੀਟਰ ਪਾਉਣ ਦੀ ਲੋੜ ਪੈਂਦੀ ਹੈ।

## ਪਸ਼ਿਾਬ ਮਾਰਗ ਦੀ ਰਚਨਾ




## ਨੋਟ-ਕਥਨ

______________________

______________________

______________________

**ਵਧੇਰੇ ਜਾਣਕਾਰੀ ਵਾਸਤੇ ਬਲੈਡਰ ਕੈਂਸਰ ਕੈਨੇਡਾ ਦੀਆਂ ਪੂਰਾ ਬਲੈਡਰ ਕਢਵਾਉਣ ਦੀ ਸਰਜਰੀ, ਬਲੈਡਰ ਦਾ ਸੰਰੱਖਿਅਣ ਜਾਂ ਮੈਟਾਸਟੈਟਿਕ ਬਮਿਾਰੀ ਵਾਸਤੇ ਗਾਈਡ-ਪੁਸਤਕਿਾਵਾਂ ਦੇਖੋ।**

BLADDER CANCER CANADA | CANCER DE LA VESSIE CANADA

**ਵਧੇਰੇ ਜਾਣਕਾਰੀ ਲਈ ਅੱਜ ਹੀ ਬਲੈਡਰ ਕੈਂਸਰ ਕੈਨੇਡਾ ਨਾਲ ਸੰਪਰਕ ਕਰੋ**
ਇਸ ਨੰਬਰ 'ਤੇ ਟੌਲ-ਫ੍ਰੀ ਕਾਲ ਕਰੋ: 1-866-674-8889
ਈਮੇਲ info@bladdercancercanada.org
ਦੇਖੋ bladdercancercanada.org

**ਏਥੇ ਸਾਡਾ ਅਨੁਸਰਣ ਕਰੋ:**
f/BladderCancerCanada
X/BladderCancerCA
/BladderCancerCA
/BladderCancerCanada

ਚਕਿਤਿਸਕ ਸੰਪਰਕ ਜਾਣਕਾਰੀ